CS (Main) Exam : ,2014

C–DRN–N–L–RVOB

PUNJABI

Paper—II

(Literature)

Time Allowed : Three Hours

Maximum Marks : 250

QUESTION PAPER SPECIFIC INSTRUCTIONS

Please read each of the following instructions carefully before attempting questions :

There are **EIGHT** questions divided in **Two Sections**.

Candidate has to attempt **FIVE** questions in all.

Question Nos. **1** and **5** are compulsory and out of the remaining, **THREE** are to be attempted choosing at least **ONE** from each section.

The number of marks carried by a question/part is indicated against it.

Answers must be written in **PUNJABI**.

Word limit in questions, wherever specified, should be adhered to.

Attempts of questions shall be counted in chronological order. Unless struck off, attempt of a question shall be counted even if attempted partly. Any page or portion of the page left blank in the answer book must be clearly struck off.

SECTION—A

Q.1. ਹੇਠ ਲਿਖੇ ਪੰਜਾਂ ਕਾਵਿ ਟੋਟਿਆਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ (ਸ਼ਬਦ ਸੀਮਾਂ : 150) :— **10×5=50**

Q. 1(a) ਦਿਲਹੁ ਮੁਹਬਤਿ ਜਿਨ੍ਹ ਸੇਈ ਸਚਿਆ ॥
ਜਿਨ੍ਹ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥1॥
ਰਤੇ ਇਸ਼ਕ ਖੁਦਾਇ ਰੰਗਿ ਦੀਦਾਰ ਕੇ ॥
ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ ॥1॥ਰਹਾਉ ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥
ਤਿਨ੍ਹ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥2॥ 10

Q. 1(b) ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥
ਜਿਨ ਕਉ ਨਦਰਿ ਕਰਮ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥ 10

****

Optional Province · optionalprovince.com

Q. 1(c) ਮਾਟੀ ਜੋੜਾ ਮਾਟੀ ਘੋੜਾ
ਮਾਟੀ ਦਾ ਅਸਵਾਰ
ਮਾਟੀ ਮਾਟੀ ਨੂੰ ਦੌੜਾਏ
ਮਾਟੀ ਦਾ ਖੜਕਾਰ
ਮਾਟੀ ਕੁਦਮ ਕਰੇਂਦੀ ਯਾਰ। 10

Q. 1(d) ਕਾਜ਼ੀ ਆਖਿਆ ਖ਼ੌਫ ਖੁਦਾਇ ਦਾ ਕਰ,
ਮਾਪੇ ਜ਼ਿਦ ਚੜ੍ਹੇ ਚਾਇ ਮਾਰਨੀਗੇ।
ਤੇਰੀ ਕਿਆੜੀਉਂ ਜਿੱਭ ਖਿਚਾਇ ਕਢਣ,
ਮਾਰੇ ਸ਼ਰਮ ਦੇ ਖ਼ੂਨ ਗੁਜਾਰਨੀਗੇ।
ਜਿਸ ਵਕਤ ਦਿਤਾ ਅਸਾਂ ਚਾਇ ਫਤਵਾ,
ਓਸੇ ਵਕਤ ਹੀ ਮਾਰ ਉਤਾਰਨੀਗੇ।
ਮਾਉਂ ਆਖਦੀ ਲੋੜ ਖੁਦਾਇ ਦਾ ਜੇ,
ਵੇਖੋ ਸ਼ੇਖ਼ ਦੀਦੇ ਤਿੱਖੇ ਪਾੜਨੀਗੇ। 10

Q. 1(e) ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥
ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥
ਲਿਖਿ ਨਾਵੈ ਧਰਮੁ ਬਹਾਲਿਆ॥ 10

Q. 2(a) "ਸ਼ੇਖ਼ ਫ਼ਰੀਦ ਨੇ ਮਾਨਵੀ ਦੇਹੀ ਨੂੰ ਆਧਾਰ ਬਣਾ ਕੇ ਸਭਿਆਚਾਰਕ ਅਤੇ ਅਧਿਆਤਮਕ ਸੰਦੇਸ਼ਾਂ ਦੀ ਸਿਰਜਣਾ ਕੀਤੀ ਹੈ," ਫ਼ਰੀਦ ਬਾਣੀ ਸੰਬੰਧੀ ਉਪਰੋਕਤ ਕਥਨ ਦੀ ਵਿਆਖਿਆ ਤੇ ਪਰੀਖਿਆ ਕਰੋ। 20

Q. 2(b) "ਗੁਰੂ ਨਾਨਕ ਨੇ ਜਪੁਜੀ ਸਾਹਿਬ ਵਿੱਚ ਬ੍ਰਹਮ ਸੰਬੰਧੀ ਅਨੁਭਵ ਨੂੰ ਮਨੁੱਖ ਦੇ ਕਰਮਾਂ ਅਤੇ ਆਦਰਸ਼ਾਂ ਨਾਲ ਜੋੜ ਕੇ ਪੇਸ਼ ਕੀਤਾ ਹੈ," ਇਸ ਕਥਨ ਦੀ ਰੋਸ਼ਨੀ ਵਿੱਚ ਜਪੁਜੀ ਸਾਹਿਬ ਬਾਣੀ ਉਪਰ ਚਰਚਾ ਕਰੋ। 15

Q. 2(c) ਫਰੀਦ ਬਾਣੀ ਵਿੱਚ ਪੇਸ਼ ਨੈਤਿਕਤਾ ਦੇ ਸੰਦੇਸ਼ ਨੂੰ 'ਆਸਾ ਦੀ ਵਾਰ' ਵਿੱਚ ਪੇਸ਼ ਨੈਤਿਕਤਾ ਦੇ ਸੰਦੇਸ਼ ਦੇ ਪ੍ਰਸੰਗ ਵਿੱਚ ਵਿਸ਼ਲੇਸ਼ਿਤ ਕਰੋ। 15

Q. 3(a) "ਹੀਰ ਵਾਰਿਸ ਦੇ ਬਿਰਤਾਂਤ ਦਾ ਆਰੰਭ ਤਾਂ ਭਾਵੇਂ ਰਾਂਝੇ ਤੋਂ ਹੁੰਦਾ ਹੈ ਪਰ ਅੱਗੇ ਜਾਕੇ ਇਹ ਔਰਤ ਦਾ ਆਪਣੀ ਮਾਨਵੀ ਹੋਂਦ ਲਈ ਸੰਘਰਸ਼ ਬਣ ਜਾਂਦਾ ਹੈ," ਇਸ ਕਥਨ ਉਪਰ ਵਿਚਾਰ ਕਰੋ। 15

Q. 3(b) "ਬੁਲ੍ਹੇ ਸ਼ਾਹ ਦੀ ਕਵਿਤਾ ਵਿੱਚ ਇਸ਼ਕ ਨਿਰੋਲ ਪ੍ਰੇਮਾਤਮਕ ਜਜ਼ਬਾ ਨਾ ਹੋ ਕੇ ਮਨੁੱਖ ਦੀ ਸਮੁੱਚੀ ਜਿਗਿਆਸਾ ਅਤੇ ਉਸ ਦੀ ਸਵੈ-ਪਛਾਣ ਦੀ ਸਮੱਸਿਆ ਨਾਲ ਜੁੜਿਆ ਹੋਇਆ ਹੈ," ਇਸ ਧਾਰਨਾ ਦੀ ਵਿਆਖਿਆ ਕਰੋ। 15

Q. 3(c) ਵਾਰਿਸ ਦੀ ਹੀਰ ਅਤੇ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ, ਦੋਹਾਂ ਦੇ ਕੇਂਦਰ ਵਿੱਚ ਇਸ਼ਕ ਹੈ। ਦੋਹਾਂ ਵਿੱਚ ਪੇਸ਼ ਇਸ਼ਕ ਦੇ ਚਰਿਤ੍ਰ ਦਾ ਤੁਲਨਾਤਮਕ ਅਧਿਐਨ ਪੇਸ਼ ਕਰੋ। 20

Optional Province · optionalprovince.com

Q. 4(a) ਸ਼ੇਖ਼ ਫ਼ਰੀਦ ਦੀ ਪ੍ਰਗੀਤ ਸਿਰਜਣਾ ਤੇ ਵਿਚਾਰ ਕਰਦਿਆਂ ਇਸ ਬਾਣੀ ਦੀ ਸੰਬੋਧਨ ਬਿਰਤੀ ਦੀ ਪਛਾਣ ਉਜਾਗਰ ਕਰੋ। 20

Q. 4(b) "ਆਸਾ ਦੀ ਵਾਰ ਵਿੱਚ ਗੁਰੂ ਨਾਨਕ ਨੇ ਬ੍ਰਹਮ, ਗੁਰੂ, ਜੀਵ ਤੇ ਜਗਤ ਦੀ ਪ੍ਰਕਿਰਤੀ ਸੰਬੰਧੀ ਬੁਨਿਆਦੀ ਚਿੰਤਨ ਕੀਤਾ ਹੈ।" ਇਸ ਕਥਨ ਦੀ ਰੋਸ਼ਨੀ ਵਿੱਚ ਇਸ ਰਚਨਾ ਸੰਬੰਧੀ ਚਰਚਾ ਕਰੋ। 20

Q. 4(c) "ਵਾਰਿਸ ਸ਼ਾਹ ਬਿਰਤਾਂਤ ਅਤੇ ਪ੍ਰਗੀਤ ਦੇ ਭਣਾਉ ਵਾਲਾ ਰਚਨਾਕਾਰ ਹੈ।" ਇਸ ਦ੍ਰਿਸ਼ਟੀ ਤੋਂ ਹੀਰ ਵਾਰਿਸ ਸੰਬੰਧੀ ਚਰਚਾ ਕਰੋ। 10

SECTION—B

Q.5. ਹੇਠ ਲਿਖੇ ਪੰਜਾਂ ਸਾਹਿਤਕ ਖੰਡਾਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ (ਸ਼ਬਦ ਸੀਮਾਂ : 150) :— 10×5=50

Q. 5(a) ਇੱਕ ਰੋਜ਼ ਵਡਾਲੇ ਦੇ ਵਿੱਚ ਬੈਠੇ
ਚਲੀ ਆਣ ਅੰਗਰੇਜ਼ ਦੀ ਬਾਤ ਆਹੀ।
ਸਾਨੂੰ ਆਖਿਆ ਹੀਰੇ ਤੇ ਨੂਰ ਖਾਂ ਨੇ
ਜਿਨ੍ਹਾਂ ਨਾਲ ਸਾਡੀ ਮੁਲਾਕਾਤ ਆਹੀ।
ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ
ਸਿਰ ਦੋਹਾਂ ਦੇ ਉੱਤੇ ਆਫ਼ਾਤ ਆਈ। 10

Q. 5(b) ਨੇਮ ਕਹੇ ਮਰਜਾਦਾ ਬਾਝੋਂ ਕੋਈ ਗੱਲ ਨ ਸਰਨੀ ਹੈ
ਪ੍ਰੇਮ ਕਹੇ ਮੈਂ ਖੰਭ ਖੁਹਾ ਕੇ ਦੁਨੀਆਂ ਕੈਦ ਨ ਕਰਨੀ ਹੈ
ਨੇਮ ਕਹੇ ਫੜ੍ਹ ਮਨ ਦੀਆਂ ਵਾਗਾਂ ਨੱਕ ਦੀ ਸੇਧੇ ਜਾਣਾ ਹੈ
ਪ੍ਰੇਮ ਕਹੇ ਇਹ ਮੱਤਾਂ ਹਾਥੀ ਬਿਨਾ ਲਗਾਮ ਚਲਾਣਾ ਹੈ। 10

Q. 5(c) "ਕਿੰਨੀ ਛੇਤੀ ਤੂੰ ਬਦਲ ਜਾਂਦਾ ਹੈਂ। ਤੇਰੀ ਸ਼ਖ਼ਸੀਅਤ ਦੋ ਹਿੱਸਿਆਂ ਵਿੱਚ ਵੰਡੀ ਹੋਈ ਹੈ। ਤੇਰੇ ਦੋ ਵਜੂਦ ਹਨ— ਬਿਲਕੁਲ ਉਲਟ। ਕਦੀ ਇਕ ਅਗਾਂਹ ਵਧਦਾ ਹੈ ਤੇ ਕਦੀ ਦੂਜਾ....।" 10

Q. 5(d) "ਬੇਬੇ ਜੀ, ਮੂੰਹ ਛੋਟਾ ਤੇ ਗੱਲ ਵੱਡੀ ਏ। ਪਰ ਜਿਹੜੀ ਗੱਲ ਬੰਦੇ ਦੇ ਵੱਸ ਦੀ ਹੋਵੇ ਨਾ, ਉਸ ਦਾ ਕੋਈ ਕੀ ਕਰੇ। ਉਹ ਕਬੂਤਰ ਤੁਹਾਡੇ ਭਾਣੇ ਤਾਂ ਹੋਵੇਗਾ ਪਾਰਟੀ ਦੇ ਕੰਮ ਆਉਣ ਵਾਲੀ ਚੀਜ਼, ਪਰ ਮੇਰੇ ਦਿਲ ਤੋਂ ਕੋਈ ਪੁੱਛ ਕੇ ਵੇਖੇ। ਇਹ ਮੈਂ ਕਿਸੇ ਦੇ ਪਿਆਰ ਦੀ ਨਿਸ਼ਾਨੀ ਸਮਝ ਕੇ ਰਖਿਆ ਹੋਇਐ ਬੇਬੇ ਜੀ।" 10

Q. 5(e) ਕਲਾ ਦਿਲ ਦੀਆਂ ਖ਼ਿਲਾਵਾਂ ਭਰ ਦੇਂਦੀ ਹੈ, ਧੱਬੇ ਰੰਗ ਦੇਂਦੀ ਹੈ, ਆਜ਼ਾਦ ਕਰਦੀ, ਬੇ-ਮੁਥਾਜ ਕਰਦੀ, ਤੇ ਭਰਪੂਰਤਾ ਦਾ ਅਹਿਸਾਸ ਪੈਦਾ ਕਰਦੀ ਹੈ। ਪਰ ਇਹ ਆਸ ਭਰਿਆ ਵਾਯੂ-ਮੰਡਲ ਮੰਗਦੀ ਹੈ : ਸੁਹਣੀ ਰਹਿਣੀ, ਮਿੱਠੀ ਬੋਲੀ, ਹਮਦਰਦ ਦਿਲ, ਪ੍ਰਸੰਨ ਅੱਖਾਂ, ਖੁਸ਼ ਕਰਨ ਦੀ ਰੀਝ, ਕੰਮ ਆਉਣ ਦੀ ਤਾਂਘ, ਪਿਆਰਨ ਦੀ ਭੁੱਖ, ਖਿਮਾ ਕਰਨ ਦੀ ਆਸਾਨੀ। 10

Q. 6(a) "ਜੰਗਨਾਮਾ ਸ਼ਾਹ ਮੁਹੰਮਦ ਹਾਜ਼ਰ ਜਾਂ ਸੁਚੇਤ ਪੱਧਰ ਤੇ ਹਿੰਦ-ਪੰਜਾਬ ਦਾ ਜੰਗਨਾਮਾ ਹੈ, ਪਰ ਨਾ-ਹਾਜ਼ਰ ਜਾਂ ਅਚੇਤ ਪੱਧਰ ਤੇ ਵਾਰ ਮਹਾਂਰਾਜਾ ਰਣਜੀਤ ਸਿੰਘ ਹੈ," ਇਸ ਧਾਰਨਾ ਦੇ ਆਧਾਰ ਤੇ ਜੰਗਨਾਮਾ ਸ਼ਾਹ ਮੁਹੰਮਦ ਦੀ ਵਿਆਖਿਆ ਕਰੋ। 20

Q. 6(b) ਧਨੀ ਰਾਮ ਚਾਤ੍ਰਿਕ ਦਾ ਕਾਵਿ ਅਨੁਭਵ ਮਿਸ਼੍ਰਿਤ ਕਿਸਮ ਦਾ ਹੈ। ਉਸ ਦੀ ਕਵਿਤਾ ਵਿੱਚ ਪਿਆਰ ਅਨੁਭਵ, ਸੁਧਾਰਕਤਾ, ਪੰਜਾਬੀਅਤ ਕਿਸ ਵਿਵੇਕ ਅਧੀਨ ਆਪਸ ਵਿੱਚ ਸੰਬੰਧਿਤ ਹਨ? 20

Q. 6(c) ਧਨੀ ਰਾਮ ਚਾਤ੍ਰਿਕ ਪੰਜਾਬੀ ਸਭਿਆਚਾਰ ਦਾ ਚਿੱਤਰ ਪੇਸ਼ ਕਰਦਾ ਹੈ ਚਰਿਤ੍ਰ ਨਹੀਂ—ਇਸ ਕਥਨ ਦੀ ਪਰੀਖਿਆ ਕਰੋ। 10

Optional Province · optionalprovince.com

Q. 7(a) "ਗੁਰਬਖ਼ਸ਼ ਸਿੰਘ ਨੇ ਪੰਜਾਬੀ ਵਾਰਤਕ ਵਿੱਚ ਇਕ ਨਰੋਈ ਸੋਚ ਤਾਂ ਲਿਆਂਦੀ ਪਰ ਨਾਲ ਹੀ ਮਧਵਰਗੀ ਸ਼ਖ਼ਸੀ ਜੀਵਨ ਜਾਚ ਨੂੰ ਵੀ ਪ੍ਰਸਾਰਿਆ," ਇਸ ਪੱਖ ਤੋਂ ਗੁਰਬਖ਼ਸ਼ ਸਿੰਘ ਦੀ ਵਾਰਤਕ ਤੇ ਵਿਚਾਰ ਕਰੋ। 20

Q. 7(b) "ਬਲਵੰਤ ਗਾਰਗੀ ਦੇ ਔਰਤ ਪਾਤਰਾਂ ਅੰਦਰ ਮਘਦਾ ਜਜ਼ਬਾ, ਸਮਾਜਕ ਵਲਗਣਾਂ ਤੇ ਸਭਿਆਚਾਰਕ ਮਾਨਤਾਵਾਂ ਦਾ ਵਿਰੋਧ, ਉਹਨਾਂ ਦੇ ਵਿਦਰੋਹ ਦੀ ਮੂਲ ਸ਼ਕਤੀ ਹੈ," ਇਸ ਪੱਖ ਤੋਂ ਗਾਰਗੀ ਦੇ ਨਾਟਕਾਂ ਦਾ ਵਿਸ਼ਲੇਸ਼ਣ ਪੇਸ਼ ਕਰੋ। 20

Q. 7(c) ਬਲਰਾਜ ਸਾਹਨੀ ਰਚਿਤ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਵਿੱਚ ਪਾਕਿਸਤਾਨ ਦਾ ਕਿਸ ਪ੍ਰਕਾਰ ਦਾ ਚਰਿਤ੍ ਉਜਾਗਰ ਹੁੰਦਾ ਹੈ—ਚਰਚਾ ਕਰੋ। 10

Q. 8(a) ਨਾਨਕ ਸਿੰਘ ਦੇ ਦੋਵੇਂ ਨਾਵਲ "ਚਿੱਟਾ ਲਹੂ" ਅਤੇ "ਇੱਕ ਮਿਆਨ ਦੋ ਤਲਵਾਰਾਂ" ਪਰਸਪਰ ਵਿਰੋਧੀ ਕਿਸਮ ਦੇ ਪਾਤਰਾਂ ਤੇ ਆਧਾਰਿਤ ਹਨ। ਇਹਨਾਂ ਦੋਹਾਂ ਨਾਵਲਾਂ ਦੇ ਆਧਾਰ ਤੇ ਨਾਨਕ ਸਿੰਘ ਦੀ ਨਾਵਲਕਾਰੀ ਸੰਬੰਧੀ ਚਰਚਾ ਕਰੋ। 20

Q. 8(b) "ਸੰਤ ਸਿੰਘ ਸੇਖੋਂ ਸਾਹਿਤ ਅਨੁਭਵ ਦੇ ਸੁਭਾਉ ਉਪਰ ਵਿਚਾਰ ਕਰਦਿਆਂ ਇਸ ਦੇ ਕੇਵਲ ਵਿਚਾਰਧਾਰਕ ਪੱਖਾਂ ਨੂੰ ਕੇਂਦਰ ਬਣਾਉਂਦਾ ਹੈ। ਉਹ ਅਨੁਭਵ ਦੇ ਸੂਖ਼ਮ ਕਲਾਤਮਕ ਪੱਖ ਤੋਂ ਬੇ-ਨਿਆਜ਼ ਰਹਿੰਦਾ ਹੈ," ਇਸ ਕਥਨ ਤੇ ਚਰਚਾ ਕਰਦਿਆਂ ਆਪਣਾ ਮੱਤ ਸਪੱਸ਼ਟ ਕਰੋ। 20

Q. 8(c) "ਬਲਰਾਜ ਸਾਹਨੀ ਆਪਣੀ ਸ਼ੈਲੀ ਵਿੱਚ ਬਹੁਤ ਰਸਿਕ ਹੈ ਪਰ ਉਹ ਸਮਾਜਕ ਵਰਤਾਰਿਆਂ ਸੰਬੰਧੀ ਤਿੱਖੀ ਵਿਚਾਰਧਾਰਕ ਚੇਤਨਾ ਨਹੀਂ ਜਗਾਉਂਦਾ।" ਇਸ ਕਥਨ ਦੀ ਰੋਸ਼ਨੀ ਵਿੱਚ ਬਲਰਾਜ ਸਾਹਨੀ ਦੇ ਸਫ਼ਰਨਾਮਾ ਸਾਹਿਤ ਤੇ ਵਿਚਾਰ ਕਰੋ। 10

Optional Province · optionalprovince.com